# ਸੁਹਾਗ (+1)

**ਪ੍ਰਸ਼ਨ-1 : 'ਚੜ੍ਹ ਚੁਬਾਰੇ ਸੁੱਤਿਆਂ ' ਸੁਹਾਗ ਵਿੱਚ ਧੀ ਕਿਸ-ਕਿਸ ਨੂੰ ਸੰਬੋਧਨ ਕਰਦੀ ਹੈ?**

ਉੱਤਰ :'ਚੜ੍ਹ ਚੁਬਾਰੇ ਸੁੱਤਿਆਂ ' ਸੁਹਾਗ ਵਿੱਚ ਵਿਆਹ ਵਾਲੀ ਮੁਟਿਆਰ ਆਪਣੀ ਬਾਬਲ, ਮਾਂ, ਚਾਚਾ, ਚਾਚੀ ਨੂੰ ਸੰਬੋਧਨ ਹੁੰਦੀ ਹੈ ਤੇ ਆਪਣਾ ਕਾਜ ਰਚਾਉਣ ਲਈ ਕਹਿੰਦੀ ਹੈ ਉਸਦੇ ਨਾਲ ਦੀਆਂ ਸਹੁਰੇ ਚਲੀਆਂ ਗਈਆਂ ਹਨ, ਉਹ ਵੀ ਮੁਟਿਆਰ ਹੋ ਗਈ ਹੈ।

**ਪ੍ਰਸ਼ਨ-2 : 'ਚੜ੍ਹ ਚੁਬਾਰੇ ਸੁੱਤਿਆਂ ' ਸੁਹਾਗ ਵਿੱਚ ' ਭਾਬੋ ਦੇ ਮਨ ਚਾਅ ਕਿਉਂ ਹੈ?**

ਉੱਤਰ : ਭਾਬੋ ਦੇ ਮਨ ਚਾਅ ਜਾਂ ਖੁਸ਼ੀ ਇਸ ਕਰਕੇ ਹੈ ਉਹ ਚਾਹੁੰਦੀ ਹੈ ਕਿ ਨਣਦ ਛੇਤੀ ਵਿਆਹੀ ਜਾਵੇ।

**ਪ੍ਰਸ਼ਨ-3 : 'ਬੇਟੀ ਚੰਨਣ ਦੇ ਓਹਲੇ' ਲੋਕ ਗੀਤ ਵਿੱਚ ਧੀ ਆਪਣੇ ਲਈ ਕਿਹੋ ਜਿਹਾ ਵਰ ਚਾਹੁੰਦੀ ਹੈ ?**

ਉੱਤਰ :' ਬੇਟੀ ਚੰਨਣ ਦੇ ਓਹਲੇ ' ਸੁਹਾਗ ਵਿੱਚ ਮੁਟਿਆਰ ਕੁੜੀ ਆਪਣੇ ਲਈ ਤਾਰਿਆਂ ਵਿੱਚ ਚੰਦਰਮਾਂ ਵਾਂਗੂੰ ਸੋਹਣਾ, ਚੰਦਰਮਾ ਤੋਂ ਵੀ ਸੋਹਣਾ ਕਾਨ-ਕਨੱਈਆ ਕ੍ਰਿਸ਼ਨ ਵਰਗਾ, ਵਰ ਚਾਹੁੰਦੀ ਹੈ। ਇਸ ਸੁਹਾਗ ਵਿੱਚ ਬਾਪ ਤੇ ਧੀ ਵਿਚਕਾਰ ' ਧੀ ਲਈ ਲੱਭੇ ਜਾਣ ਵਾਲੇ ਵਰ ਸੰਬੰਧੀ ' ਵਾਰਤਾਲਾਪ ਹੁੰਦਾ ਹੈ। ਧੀ ਚੰਨਣ ਦਾ ਓਹਲਾ ਇਸ ਲਈ ਤਕਾਉਂਦੀ ਹੈ ਕਿ ਮਨ ਦੀ ਗੱਲ ਬਾਪ ਅੱਗੇ ਕਰਦਿਆਂ ਸੰਗ ਆਉਂਦੀ ਹੈ।

**ਪ੍ਰਸ਼ਨ-4 : 'ਦੇਈ ਵੇ ਬਾਬਲਾ ਉਸ ਘਰੇ' ਸੁਹਾਗ ਵਿੱਚ ਕੁੜੀ ਦੀਆਂ ਸੱਸ ਸਹੁਰੇ ਬਾਰੇ ਖੁਸ਼ਹਾਲ ਘਰ ਬਾਰੇ ਕੀ ਕਲਪਨਾਵਾਂ ਹਨ?**

ਉੱਤਰ :' ਦੇਈ ਵੇ ਬਾਬਲਾ ਉਸ ਘਰੇ ' ਸੁਹਾਗ ਵਿੱਚ ਧੀ-ਸੱਸ ਸਹੁਰੇ ਬਾਰੇ ਬਾਬਲ ਨੂੰ ਕਹਿੰਦੀ ਹੈ ਕਿ ਉਸ ਦਾ ਸਹੁਰਾ ਘਰੋਂ ਰੱਜਿਆ ਪੁੱਜਿਆ ਹੈ ਤੇ ਆਪਣੇ ਇਲਾਕੇ ਵਿੱਚ ਮੰਨਿਆ ਪਰਮੰਨਿਆ ਸਰਦਾਰ ਹੋਵੇ ਤੇ ਸੱਸ ਸਾਰੇ ਕਬੀਲੇ ਕੌੜਮੇ ਵਿੱਚ ਮੰਨੀ ਪ੍ਰਮੰਨੀ ਪ੍ਰਧਾਨ ਹੋਵੇ ਤੇ ਉਹ ਈਰਖਾ ਨਾ ਕਰਨ ਵਾਲੀ ਹੋਵੇ ਤੇ ਉਸਦੇ ਬਹੁਤ ਸਾਰੇ ਪੁੱਤ ਹੋਣ। ਸਹੁਰੇ ਘਰ ਬਾਰੇ ਉਸ ਦੀ ਇੱਛਾ ਹੈ ਕਿ ਉਹ ਇੱਕ ਖੁਸ਼ਹਾਲ ਘਰ ਹੋਵੇ, 60-70 ਬੂਰੀਆਂ ਝੋਟੀਆਂ ਦੁੱਧ ਦੇਣ ਵਾਲੀਆਂ ਹੋਣ। ਘਰ ਵਿੱਚ ਦਰਜੀ ਲਗਾਤਾਰ ਬੈਠਾ ਰੇਸ਼ਮ ਦੇ ਕੱਪੜੇ ਸਿਉਂਦਾ ਰਹੇ, ਸੁਨਿਆਰ ਗਹਿਣੇ ਘੜਦਾ ਰਹੇ ਸੋ ਭਾਵ ਹੈ ਕਿ ਘਰ ਵਿੱਚ ਖਾਣ ਪੀਣ, ਪਹਿਨਣ ਤੇ ਸ਼ਿੰਗਾਰ ਦੀ ਕੋਈ ਕਮੀ ਨਾ ਹੋਵੇ। ਇਸ ਸੁਹਾਗ ਵਿੱਚ ਮੁਟਿਆਰ ਬਾਪ ਨੂੰ ਉਸਦੇ ਫਰਜ਼ਾਂ ਬਾਰੇ ਦੱਸਦੀ ਹੈ ਕਿ ਜੇਕਰ ਉਸ ਦੀਆਂ ਉਪਰੋਕਤ ਭਾਵਨਾਵਾਂ ਦਾ ਧਿਆਨ ਰੱਖਿਆ ਜਾਵੇਗਾ ਤਾਂ ਉਸਦਾ ਵੱਡਾ ਪੁੰਨ ਹੋਵੇਗਾ ਤੇ ਉਸ ਦੀ ਬਹੁਤ ਵਡਿਆਈ ਹੋਵੇਗੀ।

ਪ੍ਰਸ਼ਨ-5 : 'ਅੱਸੂ ਦਾ ਕਾਜ ਰਚਾ' ਸੁਹਾਗ ਵਿੱਚ ਅੱਸੂ ਮਹੀਨੇ ਤੇ ਜ਼ੋਰ ਕਿਉਂ ਦਿੱਤਾ ਗਿਆ ਹੈ ?

ਉੱਤਰ : ਇਸ ਸੁਹਾਗ ਵਿੱਚ ਅੱਸੂ ਦੇ ਮਹੀਨੇ ਵਿਆਹ ਕਰਨ ਤੇ ਧੀ ਇਸ ਕਰਕੇ ਜ਼ੋਰ ਦੇ ਰਹੀ ਹੈ ਕਿ ਉਹ ਸੁਹਾਵੀ ਰੁੱਤ ਪੇਕੇ ਰਹਿਕੇ ਹੋਰ ਮਾਨਣਾ ਚਾਹੁੰਦੀ ਹੈ। ਅੱਸੂ ਮਹੀਨੇ ਰੁੱਤ ਵੀ ਸੁਹਾਵਣੀ ਹੁੰਦੀ ਹੈ। ਅੰਨ ਤੇ ਦਹੀਂ ਦਾ ਜ਼ਿਕਰ ਇਸ ਸੁਹਾਵਣੀ ਰੁੱਤ ਦੇ ਪ੍ਰਸੰਗ ਵਿੱਚ ਹੀ ਕੀਤਾ ਗਿਆ ਹੈ ਕਿ ਅਨਾਜ ਖਰਾਬ ਨਹੀਂ ਹੁੰਦਾ।

ਪ੍ਰਸ਼ਨ-6 : 'ਹਰੀਏ ਨੀ ਰਸ ਭਰੀਏ ਖਜੂਰੇ' ਕੁੜੀ ਦੇ ਵਿਰਲਾਪ ਤੇ ਢੇਰ ਸਾਰੇ ਦਾਜ ਦਾ ਟਾਕਰਾ ਕਿਉਂ ਪ੍ਰਗਟ ਹੋਇਆ ਹੈ ?

ਉੱਤਰ : ' ਹਰੀਏ ਨੀ ਰਸ ਭਰੀਏ ਖਜੂਰੇ ' ਸੁਹਾਗ ਵਿੱਚ ਹਰੀ ਰਸ ਭਰੀ ਖਜੂਰ ਵਿਆਹੀ ਜਾਣ ਵਾਲੀ ਕੁੜੀ ਨੂੰ ਕਿਹਾ ਗਿਆ ਹੈ। ਇਸ ਸੁਹਾਗ ਵਿੱਚ ਕੁੜੀ ਦੇ ਮਾਂ-ਬਾਪ, ਚਾਚਾ-ਚਾਚੀ, ਮਾਮਾ-ਮਾਮੀ ਆਦਿ ਦੇ ਰਿਸ਼ਤਿਆਂ ਦਾ ਜ਼ਿਕਰ ਹੈ। ਕੁੜੀ ਦੇ ਮਨ ਵਿੱਚ ਵਿਰਲਾਪ ਬਹੁਤ ਦੂਰ ਵਿਆਹੀ ਜਾਣ ਕਰਕੇ ਉਪਜਦਾ ਹੈ, ਦਾਜ ਤਾਂ ਜ਼ਿਆਦਾ ਦਿੱਤਾ ਗਿਆ ਹੈ ਕਿ ਖਾਂਦੇ ਪੀਂਦੇ ਮਾਪਿਆਂ ਨੂੰ ਯੋਗ ਵਰ ਦੂਰ ਲੱਭਿਆ ਹੈ ਇਸ ਕਰਕੇ ਢੇਰ ਸਾਰਾ ਦਾਜ ਦਿੱਤਾ ਗਿਆ ਹੈ।

ਪ੍ਰਸ਼ਨ-7 : ਨਿਵੇਂ ਪਹਾੜ੍ਹਾ ਦੇ ਪਰਬਤ ਸੁਹਾਗ ਵਿੱਚ ਕੁੜੀ ਦੇ ਪੇਕੇ ਪਹਿਰਾਵੇ ਵਾਲ਼ੇ ਕਿਉਂ ਨਿਉਂਦੇ ਦਿਖਾਏ ਗਏ ਹਨ?ਡੋਲ ਰਹੇ ਮਾਪਿਆਂਨੂੰ ਦਿਲਾਸਾ ਕਿਵੇਂ ਦਿੱਤਾ ਗਿਆ ਹੈ ?

ਉੱਤਰ : ਧੀ ਦੇ ਮਾਪੇ ਇਸ ਕਰਕੇ ਨਿਵਦੇ ਹਨ ਕਿ ਉਹਨਾਂ ਨੇ ਆਪਣੀ ਬੇਟੀ ਦੂਜੇ ਘਰ ਦੇਣੀ ਹੁੰਦੀ ਹੈ ਦਿਲਾਸਾ ਇਸ ਤਰ੍ਹਾ ਹੈ ਕਿ ਅਜਿਹਾ ਦੁਨੀਆਂ ਦਾ ਦਸਤੂਰ ਹੈ 'ਪਹਾੜਾਂ ਦੇ ਪਰਬਤ ' ਨਿਵੇਂ ਪ੍ਰਾਕਿਰਤਕ ਸੰਕੇਤ ਰਾਹੀਂ ਪੇਕੇ ਪਰਿਵਾਰ ਦੀ ਉੱਚੀ ਸ਼ਾਨ ਦਾ ਪ੍ਰਤੀਕ ਹੈ ਤੇ 'ਮੋਰਾਂ ਨੇ ਪੈਲਾਂ ਪਾਈਆਂ ' ਅਨੁਸਾਰ ਮਾਪਿਆਂ ਅੰਦਰ ਧੀ ਦੇ ਵਿਛੋੜੇ ਦਾ ਦੁੱਖ ਹੈ ਤੇ ਦਿਲਾਸਾ ਇਹ ਹੈ ਕਿ ਇਹ ਕੰਮ ਧੀਆਂ ਵਿਆਹੁਣ ਦਾ ਸ਼ੁਰੂ ਤੋਂ ਹੀ ਦਸਤੂਰ ਹੈ।

**ਪ੍ਰਸ਼ਨ-8 : 'ਸਾਡਾ ਚਿੜੀਆਂ ਦਾ ਚੰਬਾ ' ਸੁਹਾਗ ਵਿੱਚ ਧੀ ਦੇ ਪੇਕੇ ਘਰ ਦੇ ਮੋਹ ਵਿੱਚੋਂ ਨਿਕਲਣ ਦੀ ਪੀੜਾ ਕਿਵੇਂ ਦਿਖਾਈ ਗਈ ਹੈ ?ਬਾਪ ਉਸ ਦੇ ਤਰਲੇ ਕਿਉਂ ਨਹੀਂ ਮੰਨਦਾ ਹੈ ?**

ਉੱਤਰ : ਚਿੜੀਆਂ ਦੇ ਚੰਬੇ ਤੋਂ ਭਾਵ, ਕੁੜੀਆਂ ਦਾ ਝੁਰਮਟ ਹੈ ਜਿਹਨਾਂ ਨੇ ਇੱਕ ਦਿਨ ਬਾਬਲ ਦੇ ਘਰ ਉੱਡ ਜਾਣਾ ਹੈ। ਧੀ-ਬਾਪ ਨੂੰ ਕਈ ਤਰ੍ਹਾਂ ਦੀਆਂ ਦਲੀਲਾਂ ਦਿੰਦੀ ਹੈ ਕਿ ਬਾਬਲ ਦੇ ਮਹਿਲਾਂ ਵਿੱਚ ਗੁੱਡੀਆਂ ਕੌਣ ਖੇਡੇਗਾ?ਚਰਖਾ ਕੌਣ ਕੱਤੇਗਾ, ਪਰ ਬਾਬਲ ਕਹਿੰਦਾ ਹੈ ਕਿ ਇਹ ਸਭ ਉਸ ਦੀਆਂ ਪੋਤਰੀਆਂ ਕਰਨਗੀਆਂ, ਤੂੰ ਆਪਣੇ ਘਰ ਜਾ। ਜ਼ਦੋਂ ਉਹ ਕਹਿੰਦੀ ਹੈ ਕਿ ਮੇਰਾ ਡੋਲਾ ਨਹੀਂ ਲੰਘਣਾ ਤੇਰੇ ਮਹਿਲਾਂ ਵਿੱਚ ਤਾਂ ਬਾਬਲ ਕਹਿੰਦਾ ਹੈ ਇੱਕਿ ਇੱਟ ਪੁਟਾ ਕੇ ਲੰਘਣ ਜ਼ੋਗਾ ਰਾਹ ਕਰ ਦੇਵੇਗਾ। ਪਰ ਬਾਬਲ ਰਹੁ-ਰੀਤਾਂ ਅਨੁਸਾਰ ਤੋਰਨ ਲਈ ਮਜਬੂਰ ਹੈ, ਧੀ ਅੰਦਰ ਮੋਹ ਦੀ ਪੀੜਾ ਵੀ ਹੁੰਦੀ ਹੈ ਤੇ ਸਹੁਰੇ ਘਰ ਦਾ ਚਾਅ ਹੁੰਦਾ ਹੈ। ਧੀ ਕਹਿੰਦੀ ਹੈ ' ਬਾਬਲ ਕਿਹੜੇ ਦੇਸ਼ ' ਜਾਣਾ ਭਾਵ ਸਹੁਰੇ ਘਰ ਤੋਂ ਹੈ। ਘਰ ਜਾਂ ਆਪਣੇ ਤੋਂ ਭਾਵ ਵੀ ਸਹੁਰਾ ਘਰ ਹੀ ਹੈ। ਉਹ ਹੀ ਉਸ ਦਾ ਅਸਲੀ ਘਰ ਹੈ।

**ਪ੍ਰਸ਼ਨ-9 : 'ਨਿੱਕੀ ਜਿਹੀ ਸੂਈ ਵੱਟਮਾ ਧਾਗਾ' ਵਿੱਚ ਧੀ ਦੇ ਰੋਣ ਦਾ ਕਾਰਨ ਕੀ ਹੈ ?**

ਉੱਤਰ :ਇਸ ਸੁਹਾਗ ਵਿੱਚ ਮੁਟਿਆਰ ਕਸੀਦਾ ਕੱਢ ਰਹੀ ਹੈ, ਉਹ ਤਾਂ ਰੋ ਰਹੀ ਹੈ ਕਿ ਉਸ ਦਾ ਵਿਆਹ ਰਚਾਇਆ ਜਾ ਰਿਹਾ ਹੈ ਤੇ ਉਹ ਪੇਕੇ ਛੱਡ ਕੇ ਪਰਦੇਸ (ਸਹੁਰੇ ਘਰ) ਜਾ ਰਹੀ ਹੈ। ਇਸ ਸੁਹਾਗ ਵਿੱਚ ਪਿਓ ਧੀ, ਭੈਣ-ਭਰਾ, ਚਾਚਾ-ਭਤੀਜੀ, ਮਾਮਾ-ਭਾਣਜੀ ਰਿਸ਼ਤਿਆਂ ਦਾ ਜ਼ਿਕਰ ਹੈ।

**ਡਾ.ਪੁਸ਼ਵਿੰਦਰ ਕੌਰ,ਲੈਕਚਰਾਰ**
**ਸਰਕਾਰੀ ਕੋ ਐਡ.ਮਲਟੀਪਰਪਜ ਸਕੂਲ,ਪਟਿਆਲਾ**
**81465-96565**